Alberta Government

ਨਿਊਜ਼ ਰਿਲੀਜ਼

# ਬਸੰਤ ਸੈਸ਼ਨ: ਅਲਬਰਟਾ ਲਗਾਤਾਰ ਵਿਕਾਸ ਦੇ ਰਾਹ ਤੇ ਅੱਗੇ ਵੱਧ ਰਿਹਾ ਹੈ।

ਮਈ 26, 2022 ਮੀਡੀਆ ਪੁੱਛਗਿੱਛ

---

## ਅਲਬਰਟਾ ਵਿਧਾਨ ਸਭਾ ਦੇ ਬਸੰਤ ਰੁੱਤ ਸੈਸ਼ਨ ਦੌਰਾਨ ਅਲਬਰਟਾਵਾਸੀਆਂ ਲਈ ਨੌਕਰੀਆਂ,ਆਰਥਿਕਤਾ ਵਿਭਿੰਨਤਾ ਲਿਆਉਣ ਅਤੇ ਪਰਿਵਾਰਾਂ ਲਈ ਜੀਵਨ ਨੂੰ ਕਿਫਾਇਤੀ ਬਣਾਉਣ ਲਈ ਕਈ ਨਵੇਂ ਉਪਾਅ ਕੀਤੇ ਗਏ।

ਬਸੰਤ ਸੈਸ਼ਨ ਦੀ ਸ਼ੁਰੂਆਤ ਤੇ ਬਜਟ 2022: ਅੱਗੇ ਵਧਣ ਦੇ ਨਾਅਰੇ ਨਾਲ ਅਲਬਰਟਾ ਦੀ ਰਿਕਵਰੀ ਪਲਾਨ ਵਿੱਚ ਇੱਕ ਮੀਲ ਪੱਥਰ ਸੀ। ਇੱਕ ਦਹਾਕੇ ਤੋਂ ਵੱਧ ਸਮੇਂ ਵਿੱਚ ਪਹਿਲੀ ਵਾਰ ਇੱਕ ਸੰਤੁਲਿਤ ਬਜਟ ਪੇਸ਼ ਕਰਕੇ ਅਲਬਰਟਾ ਸਰਕਾਰ ਨੇ ਖਰਚਿਆਂ ਨੂੰ ਕੰਟਰੋਲ ਕਰਨ ਅਤੇ ਸੂਬੇ ਦੇ ਵਿੱਤ ਨੂੰ ਲੀਹ ਤੇ ਲਿਆਉਣ ਲਈ ਇੱਕ ਮੁੱਖ ਵਚਨਬੱਧਤਾ ਨੂੰ ਪੂਰਾ ਕੀਤਾ।

ਅਲਬਰਟਾ ਸਰਕਾਰ ਨੇ ਅਲਬਰਟਾ ਵਿੱਚ ਹਾਈਡਰੋਜਨ, ਸੈਰ-ਸਪਾਟਾ, ਹੈਂਪ, ਫਿਲਮ ਅਤੇ ਟੈਲੀਵਿਜ਼ਨ ਵਿੱਚ ਹੋਰ ਨਿਵੇਸ਼ਾਂ ਨਾਲ ਹਵਾਬਾਜੀ, ਲੌਜਿਸਟਿਕਸ(ਪ੍ਰਬੰਧਨ), ਕਾਰੋਬਾਰ ਦੇ ਵਾਧੇ ਲਈ ਪੂੰਜੀ ਅਤੇ ਨਿਰਮਾਣ ਵਿੱਚ ਵੱਡੇ ਨਿਵੇਸ਼ਾਂ ਨੂੰ ਆਕਰਸ਼ਿਤ ਕਰਨਾ ਜਾਰੀ ਰੱਖਿਆ।

ਰਿਕਾਰਡ ਤੋੜ ਮਹਿੰਗਾਈ ਦੌਰਾਨ ਕਿਫਾਇਤੀ ਜੀਵਨ ਦੇਣ ਲਈ ਸਰਕਾਰ ਨੇ 13 ਸੈਂਟ ਪ੍ਰਤੀ ਲੀਟਰ ਈਂਧਨ(ਬਾਲਣ) ਟੈਕਸ ਨੂੰ ਖਤਮ ਕੀਤਾ ਅਤੇ ਬਿਜਲੀ ਬਿੱਲਾਂ ਤੇ ਛੋਟ ਦੇਣ ਲਈ ਕਾਨੂੰਨ ਪਾਸ ਕੀਤਾ।

ਇਸ ਕੰਮ ਨੇ ਆਉਣ ਵਾਲੇ ਮਹੀਨਿਆਂ ਅਤੇ ਸਾਲਾਂ ਵਿੱਚ ਹਰ ਅਲਬਰਟਨ ਲਈ ਨੌਕਰੀਆਂ ਪੈਦਾ ਕਰਨ, ਆਰਥਿਕਤਾ ਵਿੱਚ ਵਿਭਿੰਨਤਾ ਲਿਆਉਣ ਅਤੇ ਨਵੇਂ ਮੌਕੇ ਪੈਦਾ ਕਰਨ ਦੀ ਨੀਂਹ ਰੱਖੀ ਹੈ।

ਬਸੰਤ ਸੈਸ਼ਨ ਦੌਰਾਨ ਅਲਬਰਟਾ ਸਰਕਾਰ ਨੇ ਅਲਬਰਟਾਵਾਸੀਆਂ ਦੇ ਹਿੱਤ ਲਈ, ਜੀਵਨ ਲਾਗਤ ਨੂੰ ਘੱਟ ਕਰਨ, ਅਲਬਰਟਾ ਨੂੰ ਨਿਵੇਸ਼ ਲਈ ਇੱਕ ਆਕਰਸ਼ਕ ਸਥਾਨ ਬਣਾਉਣ ਅਤੇ ਵਿੱਤੀ ਯੋਜਨਾ ਨਾਲ ਜੁੜੇ ਰਹਿਣ ਤੇ ਕੇਂਦ੍ਰਿਤ ਬਿੱਲ ਪਾਸ ਕੀਤੇ।

ਇਸ ਵਿੱਚ ਸਰਕਾਰ ਦਾ ਛੇਵਾਂ ਰੈੱਡ ਟੇਪ ਬਿੱਲ ਸ਼ਾਮਲ ਹੈ ਜੋ ਆਰਥਿਕ ਵਿਕਾਸ ਵਿੱਚ ਸਧਾਰਨ ਰੁਕਾਵਟਾਂ ਨੂੰ ਦੂਰ ਕਰਨ ਤੇ ਕੇਂਦਰਿਤ ਹੈ। ਸਰਕਾਰ ਅਹੁਦਾ ਸੰਭਾਲਣ ਤੋਂ ਲੈ ਕੇ ਹੁਣ ਤੱਕ ਲਾਲ ਫੀਤਾਸ਼ਾਹੀ ਨੂੰ 25 ਫੀਸਦੀ ਕੱਟਦੇ ਹੋਏ ਵਾਅਦੇ ਮੁਤਾਬਕ ਇਸਨੂੰ ਇੱਕ ਤਿਹਾਈ ਕੱਟਣ ਦੇ ਰਾਹ ਤੇ ਹੈ।

ਇਸ ਤੋਂ ਇਲਾਵਾ ਅਲਬਰਟਾ ਦੇ ਰਿਕਵਰੀ ਪਲੈਨ ਦਾ ਹਿੱਸਾ, ਅਲਬਰਟਾ ਐਟ ਵਰਕ ਉੱਧਮ ਲੇਬਰ ਮੰਗ ਨੂੰ ਪੂਰਾ ਕਰਨ ਲਈ ਉੱਚ-ਮੰਗ ਵਾਲੇ ਪ੍ਰੋਗਰਾਮਾਂ ਵਿੱਚ ਯੋਜਨਾਬੱਧ ਨਿਵੇਸ਼ ਕਰ ਰਹੀ ਹੈ ਤਾਂ ਜੋ ਪੋਸਟ-ਸੈਕੰਡਰੀ ਵਿਦਿਆਰਥੀਆਂ ਨੂੰ ਉਨਾਂ ਦੇ ਚੋਣਵੇਂ ਪ੍ਰੋਗਰਾਮਾਂ ਦੀ ਘਰ ਨੇੜੇ ਸਿਖਲਾਈ ਦੇ ਵਧੇਰੇ ਮੌਕੇ ਮੁਹੱਈਆ ਕਰਾਏ ਜਾਣ ਅਤੇ ਹੁਨਰਮੰਦ ਅਤੇ ਪ੍ਰਤਿਭਾਸ਼ਾਲੀ ਕਰਮਚਾਰੀਆਂ ਨੂੰ ਭਵਿੱਖ ਲਈ ਲੋੜ ਵਾਲੇ ਉਦਯੋਗ ਲਈ ਤਿਆਰੀ ਦਾ ਸਮਰਥਨ ਕੀਤਾ ਜਾ ਸਕੇ।

ਅਲਬਰਟਾ ਦੀ ਆਰਥਿਕਤਾ ਮੁੜ ਲੀਹ ਤੇ ਆ ਗਈ ਹੈ ਅਤੇ ਇਸ ਸਾਲ ਵਿਕਾਸ ਵਿੱਚ ਦੇਸ਼ ਦੀ ਅਗਵਾਈ ਕਰਨ ਲਈ ਤਿਆਰ ਹੈ। ਅਲਬਰਟਾ ਸਰਕਾਰ ਨਿਵੇਸ਼ ਨੂੰ ਆਕਰਸ਼ਿਤ ਕਰਨ ਅਤੇ ਅਲਬਰਟਾ ਵਾਸੀਆਂ ਲਈ ਵਧੇਰੇ ਚੰਗੀ ਤਨਖਾਹ ਵਾਲੀਆਂ ਨੌਕਰੀਆਂ ਪੈਦਾ ਕਰਨ ਲਈ ਅਲਬਰਟਾ ਦੀ ਰਿਕਵਰੀ ਪਲਾਨ ਰਾਹੀਂ ਆਪਣੀ ਸ਼ਕਤੀ, ਉੱਦਮਤਾ ਦਾ ਸਮਰਥਨ ਅਤੇ ਵਿਭਿੰਨਤਾ ਨੂੰ ਉਤਸ਼ਾਹਿਤ ਕਰਨਾ ਜਾਰੀ ਰੱਖ ਰਹੀ ਹੈ ਜਿਸ ਨਾਲ ਸੂਬੇ ਦੀ ਬਸੰਤ 2015 ਤੋਂ ਬੇਰੁਜ਼ਗਾਰੀ ਦਰ ਨੂੰ ਹੇਠਲੇ ਪੱਧਰ ਤੱਕ ਲਿਜਾਣ ਵਿੱਚ ਮਦਦ ਮਿਲ ਰਹੀ ਹੈ। ਹੈ।

ਮਹਿੰਗਾਈ ਦੇ ਸਭ ਤੋਂ ਉੱਚੇ ਪੱਧਰ ਤੇ ਹੋਣ ਤੇ ਅਲਬਰਟਾ ਸਰਕਾਰ ਨੇ ਬਾਲਣ ਟੈਕਸ ਨੂੰ ਖਤਮ ਕਰਕੇ ਬਿਜਲੀ ਅਤੇ ਕੁਦਰਤੀ ਗੈਸ ਛੋਟਾਂ ਨਾਲ ਅਸਲ ਕਾਰਵਾਈ ਕੀਤੀ ਹੈ ਜੋ ਲਗਭਗ 20 ਲੱਖ ਅਲਬਰਟਾ ਵਾਸੀਆਂ ਦੀ ਮਦਦ ਕਰੇਗੀ। ਇਹ ਛੋਟਾਂ ਥੋੜ੍ਹੇ ਸਮੇਂ ਲਈ ਰਾਹਤ ਪ੍ਰਦਾਨ ਕਰਨਗੀਆਂ ਜਦੋਂ ਕਿ ਸਰਕਾਰ ਉਪਯੋਗਤਾ ਪ੍ਰਣਾਲੀ ਨੂੰ ਹੋਰ ਕਿਫਾਇਤੀ ਬਣਾਉਣ ਲਈ ਲੰਬੇ ਸਮੇਂ ਦੇ ਸੁਧਾਰ ਕਰ ਰਹੀ ਹੈ।

ਅੰਤਰਰਾਸ਼ਟਰੀ ਮੋਰਚੇ ਤੇ ਅਲਬਰਟਾ ਸਰਕਾਰ ਸਾਡੇ ਸਹਿਯੋਗੀਆਂ ਲਈ ਵਿਸ਼ਵ ਊਰਜਾ ਸੁਰੱਖਿਆ ਸਥਾਪਤ ਕਰਨ ਨਾਲ ਅਮਰੀਕਾ ਅਤੇ ਦੁਨੀਆ ਨੂੰ ਅਲਬਰਟਾ ਦੇ ਊਰਜਾ ਨਿਰਯਾਤ ਨੂੰ ਵਧਾਉਣ ਦੇ ਮੁੱਖ ਹਿੱਸੇ ਵਜੋਂ ਅਲਬਰਟਾ ਦੀ ਊਰਜਾ ਦੀ ਵਕਾਲਤ ਕਰਨਾ ਜਾਰੀ ਰੱਖਦੀ ਹੈ।

ਪ੍ਰੀਮੀਅਰ ਜੇਸਨ ਕੈਨੀ ਨੇ ਵਾਸ਼ਿੰਗਟਨ ਡੀ.ਸੀ. ਲਈ ਇੱਕ ਸਫਲ ਮਿਸ਼ਨ ਦੀ ਅਗਵਾਈ ਕੀਤੀ ਜਿੱਥੇ ਉਹ ਊਰਜਾ ਅਤੇ ਕੁਦਰਤੀ ਸਰੋਤਾਂ ਬਾਰੇ ਸੈਨੇਟ ਕਮੇਟੀ ਦੇ ਸਾਹਮਣੇ ਪੇਸ਼ ਹੋਏ ਅਤੇ ਸੀਨੀਅਰ ਅਮਰੀਕੀ ਵਿਧਾਇਕਾਂ ਨੂੰ ਅਲਬਰਟਾ ਦੇ ਤੇਲ ਭੰਡਾਰਾਂ ਦਾ ਦੌਰਾ ਕਰਨ ਲਈ ਯਕੀਨ ਦਿਵਾਇਆ।

## ਬਸੰਤ ਵਿਧਾਨ ਸਭਾ ਦੀ ਇੱਕ ਝਲਕ

- *ਮਹਾਰਾਣੀ ਐਲਿਜ਼ਾਬੈਥ ।। ਪਲੈਟੀਨਮ ਜੁਬਲੀ ਮਾਨਤਾ ਐਕਟ* ਅਜਿਹੇ ਅਲਬਰਟਾ ਵਾਸੀਆਂ ਨੂੰ ਸਨਮਾਨਿਤ ਕਰ ਕੇ ਮਹਾਰਾਣੀ ਦੇ 70 ਸਾਲਾਂ ਦੇ ਸ਼ਾਸਨ ਦਾ ਜਸ਼ਨ ਮਨਾਉਂਦਾ ਹੈ ਜਿਨ੍ਹਾਂ ਨੇ ਸੂਬੇ ਨੂੰ ਬਿਹਤਰ ਬਣਾਉਣ ਵਿੱਚ ਮਦਦ ਕੀਤੀ ਹੈ।

- *ਯੁਟੀਲਿਟੀ ਕਮੋਡਿਟੀ ਰਿਬੇਟ ਐਕਟ* 20 ਲੱਖ ਘਰਾਂ, ਖੇਤਾਂ ਅਤੇ ਛੋਟੇ ਕਾਰੋਬਾਰਾਂ ਲਈ 150 ਡਾਲਰ ਦੀ ਬਿਜਲੀ ਛੋਟਾ ਨਾਲ ਉੱਚ ਬਿਜਲੀ ਬਿੱਲਾਂ ਤੋਂ ਰਾਹਤ ਵਜੋਂ ਲਗਭਗ 300 ਮਿਲੀਅਨ ਡਾਲਰ ਦੀ ਰਕਮ ਹੈ।
- *ਕੰਟੀਨਿਊਇੰਗ ਕੇਅਰ* ਐਕਟ ਲਗਾਤਾਰ ਦੇਖਭਾਲ ਦਾ ਵਿਸਤਾਰ ਅਤੇ ਆਧੁਨਿਕੀਕਰਨ ਕਰਦਾ ਹੈ ਜਦੋਂ ਕਿ ਬਜਟ 2022, 1500 ਤੋਂ ਵੱਧ ਨਵੇਂ ਕੰਟੀਨਿਊਇੰਗ ਕੇਅਰ ਬੈੱਡਾਂ ਲਈ ਫੰਡ ਪ੍ਰਦਾਨ ਕਰਦਾ ਹੈ ਅਤੇ ਘਰੇਲੂ ਦੇਖਭਾਲ ਦੀ ਸਮਰੱਥਾ ਵਿੱਚ ਵਾਧਾ ਕਰਦਾ ਹੈ।
- *ਸਿੱਖਿਆ (ਅਧਿਆਪਕ ਪੇਸ਼ਾ ਅਨੁਸ਼ਾਸਨ ਸੁਧਾਰ) ਸੋਧ ਐਕਟ*, 2022 ਇਕਹਿਰੀ, ਨਿਰਪੱਖ ਕਾਰਵਾਈ ਪ੍ਰਕਿਰਿਆ ਬਣਾਉਂਦਾ ਹੈ ਜੋ ਵਿਦਿਆਰਥੀਆਂ ਦੀ ਹੋਰ ਸੁਰੱਖਿਆ ਅਤੇ ਮਾਪਿਆਂ ਨੂੰ ਮਨ ਦੀ ਸ਼ਾਂਤੀ ਪ੍ਰਦਾਨ ਕਰਦਾ ਹੈ।
- *ਰੈੱਡ ਟੇਪ ਰੀਡੱਕਸ਼ਨ ਸਟੈਚੂਟਸ ਅਮੈਂਡਮੈਂਟ ਐਕਟ*, 2022 ਆਰਥਿਕ ਵਿਕਾਸ ਵਿੱਚ ਰੁਕਾਵਟਾਂ ਨੂੰ ਦੂਰ ਕਰਦਾ ਹੈ ਜਿਵੇਂ ਕਿ ਅੰਤਰ-ਮਿਊਂਸਪਲ ਕਾਰੋਬਾਰੀ ਲਾਇਸੈਂਸ ਦੇਣੇ ਅਤੇ ਪੇਂਡੂ ਯੁਟਿਲੀਟੀ ਦੀ ਸਥਿਰਤਾ ਨੂੰ ਵਧਾਉਣਾ।
- *ਟ੍ਰੈਫਿਕ ਸੇਫਟੀ ਸੋਧ ਐਕਟ* ਸੜਕ ਤੇ ਕੰਮ ਕਰਦੇ ਕਾਮਿਆਂ ਦੀ ਸੁਰੱਖਿਆ ਲਈ ਲਾਈਟਾਂ ਮਾਰਦੇ ਵਾਹਨ ਕੋਲੋਂ ਲੰਘਣ ਵੇਲੇ ਇੱਕੋ ਦਿਸ਼ਾ ਵਿੱਚ ਜਾ ਰਹੇ ਸਾਰੇ ਵਾਹਨ ਚਾਲਕਾਂ ਨੂੰ 60 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਕਰਨ ਦੀ ਲੋੜ ਹੁੰਦੀ ਹੈ।

## ਸਬੰਧਿਤ ਜਾਣਕਾਰੀ

- Alberta's Recovery Plan(ਅਲਬਰਟਾ ਦੀ ਰਿਕਵਰੀ ਯੋਜਨਾ)
- Spring 2022 Legislation(ਬਸੰਤ 2022ਸੈਸ਼ਨ)
- Promises kept – May 2022(ਇਅਦੇ ਨਿਭਾਏ-ਮਈ 2022) (ਪੀਡੀਐਫ)

View this announcement online

Government of Alberta newsroom

Contact government

Unsubscribe